# ANGEL'S PUBLIC SCHOOL

Strive for Perfection

## SAMPLE PAPER

**PERIODIC TEST – I SESSION 2024 – 25**

**CLASS – IX**

**TIME : 2 HRS** | **SUBJECT: PUNJABI** | **M.M:40**

ਨੋਟ - ਸਾਰੇ ਪ੍ਰਸ਼ਨ ਜਰੂਰੀ ਹਨ ।

ਲਿਖਾਈ ਸਾਫ - ਸੁਥਰੀ ਕਰੋ ।

**ਭਾਗ - ੳ ਪੜਨ ਕੌਸ਼ਲ (ਅਣਡਿੱਠਾ ਪੈਰਾ)** (5x1=5)

(1) ਦੱਖਣੀ ਭਾਰਤ ਵਰਗੇ ਇਲਾਕਿਆਂ ਵਿਚ ਰਹਿਣ ਵਾਲੇ ਕੁਝ ਲੋਕ, ਪਸ਼ੂਆਂ ਵਿਚ ਪਰਮੇਸ਼ਰ ਵੇਖਦੇ ਸਨ। ਮੱਧ ਪੂਰਬੀ ਦੇਸਾਂ ਦੇ ਵਸਨੀਕਾਂ ਦੀ ਸਥਿਤੀ ਉਨ੍ਹਾਂ ਨੂੰ ਅਜਿਹੇ ਕਿਸੇ ਅਨੁਭਵ ਦੀ ਆਗਿਆ ਹੀ ਨਹੀਂ ਸੀ ਦਿੰਦੀ। ਹਜ਼ਰਤ ਮੂਸਾ ਰਾਹੀਂ 'ਇਹ ਹੁਕਮ ਹੋਇਆ ਸੀ ਕਿ ਤੁਸੀਂ ਹੱਤਿਆ ਨਹੀਂ ਕਰਨੀ।' ਭੋਜਨ ਦੀ ਸਮੱਸਿਆ ਇਸ ਸਿੱਧੇ ਸਪਸ਼ਟ ਰੱਬੀ ਹੁਕਮ ਦਾ ਰਾਹ ਰੋਕ ਬੈਠੀ। ਇਸ ਭਾਰੀ ਰੁਕਾਵਟ ਦੇ ਆਸਿਓਂ-ਪਾਸਿਓਂ ਦੀ ਹੋ ਕੇ ਲੰਘਣ ਦੇ ਯਤਨ ਸਦਕਾ ਇਸ ਰੱਬੀ ਹੁਕਮ ਦਾ ਰੂਪ ਹੀ ਬਦਲ ਕੇ ਇਹ ਹੋ ਗਿਆ ਕਿ 'ਪਸ਼ੂਆਂ ਨੂੰ ਮਾਰਨ ਵਿਚ ਕਿਸੇ ਪ੍ਰਕਾਰ ਦੀ ਹੱਤਿਆ ਨਹੀਂ।' ਇਹ ਹੁਕਮ ਕੇਵਲ ਮਨੁੱਖੀ ਹੱਤਿਆ ਦੇ ਸਬੰਧ ਵਿਚ ਹੈ। ਪਸ਼ੂਆਂ ਵਿਚ ਰੂਹ ਜਾਂ ਆਤਮਾ ਨਹੀਂ ਹੁੰਦੀ। ਆਪਣੇ ਸੁਆਰਥ ਦੀ ਸਿੱਧੀ ਲਈ ਕਈ ਕਿਸੇ ਮਹਾਂਕਾਲੀ ਦੇ ਕ੍ਰੋਧ ਨੂੰ ਸ਼ਾਂਤ ਕਰਨ ਦੇ ਮਨੋਰਥ ਨਾਲ ਨਿਰਦੋਸ਼ ਜੀਵਾਂ ਦੀ ਹੱਤਿਆ ਹੁਣ ਤੱਕ ਕਰੀ ਜਾ ਰਹੇ ਹਨ। ਇਹ ਸਭ ਕੁਝ ਮਨੁੱਖ ਨੂੰ, ਪਸ਼ੂਆਂ ਦੇ ਟਾਕਰੇ ਵਿਚ 'ਸਰਵ ਅਧਿਕਾਰ ਸੁਆਮੀ' ਸਿੱਧ ਕਰਦਾ ਹੈ। ਤਾਂ ਵੀ ਅੱਜ-ਕੱਲ੍ਹ ਪਸ਼ੂਆਂ ਦੇ ਅਧਿਕਾਰ ਦੀ ਚਰਚਾ ਜਾਰੀ ਹੈ।

**1** ਦੱਖਣੀ ਭਾਰਤ ਦੇ ਕੁਝ ਲੋਕਾਂ ਦੀ ਪਸ਼ੂਆਂ ਬਾਰੇ ਕੀ ਭਾਵਨਾ ਸੀ ?

(ੳ) ਪਾਲਣ ਦੀ ☐ (ਅ) ਖਾਣ ਦੀ ☐

(ੲ) ਸ਼ਰਧਾ ਦੀ ☐ (ਸ) ਮਾਰਨ ਦੀ ☐

**2** ਕਿਹੜੇ ਪਾਸੇ ਦੇਸਾਂ ਵਿਚ ਪਸ਼ੂ ਹੱਤਿਆ ਦੀ ਮਨਾਹੀ ਸੀ ?

(ੳ) ਪੂਰਬੀ ☐ (ਅ) ਪੱਛਮੀ ☐

(ੲ) ਦੱਖਣੀ ☐ (ਸ) ਮੱਧ ਪੂਰਬੀ ☐

**3** ਲੋਕ ਕਿਸ ਦੇਵੀ ਦੇ ਕ੍ਰੋਧ ਨੂੰ ਸ਼ਾਂਤ ਕਰਨ ਲਈ ਹੱਤਿਆ ਕਰਦੇ ਸਨ ?

(ੳ) ਸਰਸਵਤੀ ਦੇਵੀ ☐ (ਅ) ਚੰਡੀ ਦੇਵੀ ☐

(ੲ) ਮਹਾਂਕਾਲੀ ☐ (ਸ) ਦੁਰਗਾ ਦੇਵੀ ☐

**4** ਅੱਜ-ਕੱਲ੍ਹ ਕਿਸ ਦੇ ਅਧਿਕਾਰ ਦੀ ਚਰਚਾ ਆਮ ਹੈ ?

(ੳ) ਮਨੁੱਖਾਂ ਦੇ ☐ (ਅ) ਨੇਤਾਵਾਂ ਦੇ ☐

(ੲ) ਪਸ਼ੂਆਂ ਦੇ ☐ (ਸ) ਪੰਛੀਆਂ ਦੇ ☐

**5** ਭਾਰਤ ਦੇ ਕਿਸ ਇਲਾਕੇ ਦੇ ਲੋਕ ਪਸ਼ੂਆਂ ਦੀ ਪੂਜਾ ਕਰਦੇ ਸਨ ?

(ੳ) ਉੱਤਰ ☐ (ਅ) ਪੂਰਬ ☐

(ੲ) ਦੱਖਣ ☐ (ਸ) ਪੱਛਮ ☐

2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ 'ਤੇ ਟਿੱਕ (✔) ਕਰੋ— (5x1=5)

ਗੁਰੂਆਂ ਪੀਰਾਂ ਦੀ ਇਹ ਧਰਤੀ, ਇਸ ਤੋਂ ਸਦਕੇ ਜਾਵਾਂ,
ਭਗਤ ਸਿੰਘ, ਸੁਖਦੇਵ, ਸਰਾਭੇ ਜੰਮਣ ਇੱਥੇ ਮਾਵਾਂ ।
ਇਸ ਧਰਤੀ ਨੇ ਪੈਦਾ ਕੀਤੇ ਯੋਧੇ ਤੇ ਬਲਕਾਰੀ,
ਮੈਂ ਗੱਭਰੂ ਪੰਜਾਬ ਦਾ, ਮੈਨੂੰ ਜਾਣੇ ਦੁਨੀਆ ਸਾਰੀ ।

(*i*) ਮਾਵਾਂ ਕਿਹੋ ਜਿਹੇ ਪੁੱਤਰਾਂ ਨੂੰ ਜਨਮ ਦਿੰਦੀਆਂ ਹਨ ?

(ੳ) ਭਗਤ ਸਿੰਘ ☐ (ਅ) ਸੁਖਦੇਵ ਸਿੰਘ ☐
(ੲ) ਕਰਤਾਰ ਸਿੰਘ ਸਰਾਭਾ ☐ (ਸ) ਉਪਰੋਕਤ ਤਿੰਨੋਂ ਜਿਹੇ ☐

(*ii*) ਸਾਡੀ ਧਰਤੀ ਕਿਸ ਦੀ ਧਰਤੀ ਹੈ ?

(ੳ) ਗੁਰੂਆਂ ਪੀਰਾਂ ਦੀ ☐ (ਅ) ਗੱਭਰੂਆਂ ਦੀ ☐
(ੲ) ਪੰਜਾਬ ਦੀ ☐ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ ☐

(*iii*) ਸਾਡੀ ਧਰਤੀ 'ਤੇ ਕਿਹੋ ਜਿਹੇ ਬੰਦੇ ਪੈਦਾ ਹੋਏ ?

(ੳ) ਯੋਧੇ ☐ (ਅ) ਬਲਕਾਰੀ ☐
(ੲ) ੳ ਅਤੇ ਅ ਦੋਵੇਂ ☐ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ ☐

(*iv*) ਉਪਰੋਕਤ ਸਤਰਾਂ ਵਿੱਚ ਕਵੀ ਕਿਸ ਦੇ ਸਦਕੇ ਜਾਂਦਾ ਹੈ ?

(ੳ) ਗੱਭਰੂਆਂ ਦੇ ☐ (ਅ) ਧਰਤੀ ਦੇ ☐
(ੲ) ਗੁਰੂਆਂ ਪੀਰਾਂ ਦੀ ਧਰਤੀ ਦੇ ☐ (ਸ) ਪੰਜਾਬ ਦੀ ਧਰਤੀ ਦੇ ☐

(*v*) ਕਵੀ ਇਹਨਾਂ ਸਤਰਾਂ ਵਿੱਚ ਕਿਸ ਦਾ ਗੁਣਗਾਨ ਕਰਦਾ ਹੈ ?

(ੳ) ਪੰਜਾਬ ਦੀ ਧਰਤੀ ਦਾ ☐ (ਅ) ਸੂਰਬੀਰਾਂ ਦੀ ਬਹਾਦਰੀ ਦਾ ☐
(ੲ) ਯੋਧਿਆਂ ਦਾ ☐ (ਸ) (ੳ) ਤੇ (ਅ) ਦੋਵਾਂ ਦਾ ☐

**ਵਿਆਕਰਨ ਬਹੁ - ਵਿਕਲਪੀ** **(3x1=3)**

(3) (*i*) **'ਪ੍ਰੀਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—**

(ੳ) ਪਿਆਰ ☐ (ਅ) ਘਿਰਣਾ ☐ (ੲ) ਬੁਰਾਈ ☐ (ਸ) ਅਣਸੁਖਾਵੀਂ ☐

(*ii*) **'ਬਹਾਦਰ' ਦੇ ਦੋ ਵਿਰੋਧੀ ਸ਼ਬਦ ਚੁਣੋ—**

(ੳ) ਕਾਇਰ ☐ (ਅ) ਡਰਾਕਲ ☐ (ੲ) ਸੂਰਮਾ ☐ (ਸ) ਬੁਜ਼ਦਿਲ ☐

(*iii*) **'ਦੇਸੀ' ਦੇ ਦੋ ਵਿਰੋਧੀ ਸ਼ਬਦ ਚੁਣੋ—**

(ੳ) ਵਿਦੇਸ਼ੀ ☐ (ਅ) ਸਵਦੇਸ਼ੀ ☐ (ੲ) ਪਰਦੇਸੀ ☐ (ਸ) ਹਮਸਾਇਆ ☐

(4) (*i*) 'ਕਸਾਈ' ਸ਼ਬਦ ਦਾ ਇਸਤਰੀ-ਲਿੰਗ ਕਿਹੜਾ ਹੋਵੇਗਾ : **(3x1=3)**

(ੳ) ਕਸੈਣ ☐ (ਅ) ਕਸਾਈਅਨ ☐ (ੲ) ਕਸਾਇਣ ☐ (ਸ) ਕਸਾਈਨ ☐

(*ii*) 'ਸਾਈਕਲ' ਸ਼ਬਦ ਪੁਲਿੰਗ ਹੈ ਜਾਂ ਇਸਤਰੀ-ਲਿੰਗ ?

(ੳ) ਪੁਲਿੰਗ ☐ (ਅ) ਇਸਤਰੀ-ਲਿੰਗ ☐ (ੲ) ਦੋਵੇਂ ☐ (ਸ) ਨਪੁੰਸਕ ਲਿੰਗ ☐

(*iii*) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

(ੳ) ਸੱਸ ☐ (ਅ) ਸ਼ਾਲ ☐ (ੲ) ਸੋਟਾ ☐ (ਸ) ਕਾਂ ☐

## ਭਾਗ - ਅ (ਪਾਠ - ਪੁਸਤਕਾਂ)

**(5) ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ:-** (3)

**(ੳ)** ਵਹਿਮੀ ਤਾਇਆ ਪਾਠ ਦਾ ਮੁੱਖ ਪਾਤਰ ਕੋਣ ਹੈ ?

(1) ਤਾਇਆ ਨਿਹਾਲਾ (2) ਤਾਇਆ ਦਿਆਲਾ (3) ਤਾਇਆ ਮਨਸਾ ਰਾਮ (4) ਤਾਈਆ ਗੁਪਾਲਾ

**(ਅ)** ਜੋਤੀ ਕਿਹੜੀ ਜਮਾਤ ਵਿਚ ਪੜਦਾ ਸੀ ?

(1) ਪਹਿਲੀ ਵਿੱਚ (2) ਕੇ.ਜੀ ਵਿਚ (3) ਲੋਅਰ ਕੇ ਜੀ (4) ਦੂਜੀ ਵਿਚ

**(ੲ)** ਜਨਮ ਦਿਨ ਕਹਾਣੀ ਦਾ ਲੇਖਕ ਕੌਣ ਹੈ ?

(1) ਸੰਤੋਖ ਸਿੰਘ (2) ਨਵਤੇਜ ਸਿੰਘ (3) ਸਵਿੰਦਰ ਸਿੰਘ ਉੱਪਲ (4) ਨੌਰੰਗ ਸਿੰਘ

**(ਸ)** ਸਮੇਂ ਨੂੰ ਕੌਣ ਕਾਬੂ ਵਿਚ ਨਹੀ ਰੱਖ ਸਕਦਾ ?

(1) ਘੜੀ (2) ਮਨੁੱਖ (3) ਕੁਦਰਤ (4) ਇਨ੍ਹਾਂ ਵਿਚੋਂ ਕੋਈ ਨਹੀ

**(ਹ)** ਜਨਮ ਦਿਨ ਕਹਾਣੀ ਦਾ ਅੰਤ ਕਿਹੋ ਜਿਹਾ ਸੀ ?

(1) ਦੁੱਖ ਭਰਿਆ (2) ਸੁੱਖ ਭਰਿਆ (3) ਹਾਸੇ ਭਰਿਆ (4) ਵਿਅੰਗ ਭਰਿਆ

**(ਕ)** 'ਲਿਆਕਤ' ਸ਼ਬਦ ਤੋਂ ਕੀ ਭਾਵ ਹੁੰਦਾ ਹੈ ?

(1) ਅਮੀਰੀ (2) ਗਰੀਬੀ (3) ਤੰਦਰੁਸਤੀ (4) ਕਾਬਲੀਅਤ

## ਭਾਗ - ਅ (ਵਰਨਣਾਤਮਕ ਪ੍ਰਸ਼ਨ)
## ਪਾਠ ਪੁਸਤਕਾਂ ਤੇ ਅਧਾਰਿਤ

**(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20 - 25 ਸ਼ਬਦਾਂ ਵਿਚ ਦਸੋ । (ਕੋਈ ਪੰਜ ਕਰੋ)** (5x2=10)

**(ੳ)** ਵਹਿਮੀਆਂ ਨਾਲ ਮੁਕਾਬਲਾ ਕਿਉ ਨਹੀਂ ਕੀਤਾ ਜਾ ਸਕਦਾ ਹੈ ।

**(ਅ)** ਸਕੂਲ ਦੇ ਪ੍ਰਿੰਸੀਪਲ ਨੇ ਜੁਗਲ ਕਿਸ਼ੋਰ ਨੂੰ ਵਧਾਈ ਕਿਉਂ ਦਿੱਤੀ ?

**(ੲ)** ਤਾਏ ਨੇ ਕੁੱਤੇ ਦੇ ਵੱਢਣ ਤੇ ਲਗਵਾਏ ਜਾਣ ਵਾਲੇ ਟੀਕੇ ਕਿਉਂ ਲਗਵਾਏ ?

**(ਸ)** ਭਾਈ ਵੀਰ ਸਿੰਘ ਨੇ ਸਮੇਂ ਬਾਰੇ ਕੀ ਕਿਹਾ ਹੈ ?

**(ਹ)** ਜੁਗਲ ਕਿਸ਼ੋਰ ਤੇ ਉਸਦੀ ਪਤਨੀ ਖੁਸ਼ ਕਿਉਂ ਸੀ ?

**(ਕ)** ਜੇਕਰ ਕੋਈ ਤਾਏ ਦਾ ਹਾਲ - ਚਾਲ ਪੁੱਛਦਾ ਤਾਂ ਤਾਇਅ ਅੱਗੋਂ ਕੀ ਜਵਾਬ ਦਿੰਦਾ ਸੀ ?

**(7) ਹੇਠ ਲਿਖੇ ਪ੍ਰਸ਼ਨਾਂ ਵਿਚੋ ਕਿਸੇ ਇਕ ਦਾ ਉਤਰ 40 - 50 ਸ਼ਬਦਾਂ ਵਿਚ ਦਿਓ -** (3)

'ਸਮਾਂ' ਕਵਿਤਾ ਵਿਚੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

**ਜਾਂ**

ਕਵੀ ਨੇ ਸਮੇਂ ਨੂੰ ਰੋਕਣ ਲਈ ਕੀ - ਕੀ ਯਤਨ ਕੀਤੇ ਤੇ ਉਹ ਉਸ ਨੂੰ ਕਿਉ ਨਹੀਂ ਰੋਕ ਸੱਕਿਆ ?

ਜਾਂ

ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਹਿਤ ਵਾਕ ਬਨਾਓ :-

(ੳ) ਉੱਲੂ ਬਲਾਉਣਾ (ਅ) ਉੱਨ ਲਾਹੁਣਾ (ੲ) ਉਸਤਾਦੀ ਕਰਨੀ (ਸ) ਉੱਗਲ ਕਰਨੀ (ਹ) ਉੱਲੂ ਬੋਲਣੇ

**(8) 'ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕਿਸੇ ਇਕ ਦਾ ਉੱਤਰ 40 - 50 ਸ਼ਬਦਾਂ ਵਿਚ ਦਿਓ -** (4)

ਵਹਿਮੀ ਤਾਇਆ ਪਾਠ ਦਾ ਸਾਰ ਲਿਖੋ ।

**ਜਾਂ**

ਭਾਈ ਵੀਰ ਸਿੰਘ ਜੀ ਦੀ ਬਾਰੇ ਚਰਚਾ ਕਰੋ ।

## <u>ਪ੍ਰਭਾਵਸ਼ਾਲੀ ਲਿਖਣ ਕੌਸ਼ਲ</u>

**(9)** ਤੁਹਾਡੇ ਪਿਤਾ ਜੀ ਮੁੰਬਈ ਰਹਿੰਦੇ ਹਨ । ਉਹਨਾਂ ਨੂੰ ਮਾਤਾ ਜੀ ਦੀ ਸਿਹਤ ਬਾਰੇ ਦੱਸਦੇ ਹੋਏ ਪੱਤਰ ਲਿਖੋ । (4)

**ਜਾਂ**

ਸ੍ਰੀ ਗੁਰੂ ਨਾਨਕ ਦੇਵ ਜੀ 'ਲੇਖ' ਤੇ ਵਿਚਾਰ ਸਪਸ਼ਟ ਕਰੋ ।

ਨੁਕਤੇ :- ਭੂਮਿਕਾ ਜਨਮ ਤੇ ਬਚਪਨ, ਕਰਮਕਾਂਡਾ ਦਾ ਖੰਡਨ, ਸੱਚਾ ਸੌਦਾ, ਵੇਈ ਨਦੀ ਵਿੱਚ ਪ੍ਰਵੇਸ਼, ਗ੍ਰਹਿਮਤੀ ਜੀਵਨ, ਨਿਡਰ ਦੇਸ਼ ਭਗਤ, ਮਹਾਨ ਸਹਿਤਕਾਰ ।